**SET – 4**

**Series : BVM/1**

**Code No. 4**

**Roll No.**

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019 PARIKSHA 2019

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum Marks : 100*

**ਨੋਟ :** ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ–ਖੁੱਲ੍ਹੀ ਕਰਨ ਦਾ ਜਤਨ ਕਰੋ ।

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **10**

ਗ਼ਜ਼ਲ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਸ਼ੁਰੂਆਤ ਅਰਬੀ ਫਾਰਸੀ ਵਿੱਚ ਹੋਈ ਅਤੇ ਉਰਦੂ ਰਾਹੀਂ ਇਹ ਪੰਜਾਬੀ ਜ਼ਬਾਨ ਤਕ ਪੁੱਜੀ ਹੈ । ਗ਼ਜ਼ਲ ਸ਼ਬਦ ਦਾ ਅਰਥ ਹੈ–ਹਰਨੋਟਾ । ਕਿਹਾ ਜਾਂਦਾ ਹੈ ਕਿ ਹਿਰਨ ਜਦੋਂ ਚੌਕੜੀਆਂ ਮਾਰਕੇ ਦੌੜਦਾ ਹੈ ਤਾਂ ਉਸਦੀ ਹਰ ਚੌਕੜੀ ਪਹਿਲੀ ਨਾਲੋਂ ਵੱਖਰੀ ਹੁੰਦੀ ਹੈ । ਉਸਦੀ ਚੌਕੜੀ ਵਿੱਚ ਇੱਕ ਹੁਸਨ ਹੁੰਦਾ ਹੈ । ਸ਼ਾਇਦ ਇਸੇ ਕਰਕੇ ਹੀ ਗ਼ਜ਼ਲ ਦਾ ਹਰ ਸ਼ਿਅਰ, ਗ਼ਜ਼ਲ ਦਾ ਹਿੱਸਾ ਹੁੰਦਿਆਂ ਹੋਇਆਂ ਵੀ ਸੁਤੰਤਰ ਅਰਥ ਰਖਦਾ ਹੈ । ਇਹ ਵੀ ਕਿਹਾ ਜਾਂਦਾ ਹੈ ਕਿ ਗ਼ਜ਼ਲ ਸਭ ਤੋਂ ਪਹਿਲਾਂ ਇਰਾਨ ਵਿਚ ਲਿਖੀ ਗਈ, ਉਥੋਂ ਦੇ ਇਕ ਨੌਜਵਾਨ ਦਾ ਕਿਸੇ ਕੁੜੀ ਨਾਲ ਇਸ਼ਕ ਹੋ ਗਿਆ ਜਿਸ ਦਾ ਨਾਮ ਗ਼ਜ਼ਲ ਸੀ । ਉਸ ਕੁੜੀ ਦੀਆਂ ਅੱਖਾਂ ਹਿਰਨ ਵਰਗੀਆਂ ਹੋਣ ਕਾਰਨ ਉਸਦਾ ਨਾਮ ਮਾਪਿਆਂ ਨੇ ਗ਼ਜ਼ਲ ਰੱਖ ਦਿੱਤਾ ਸੀ । ਜਦੋਂ ਨੌਜਵਾਨ ਦਾ ਇਸ਼ਕ ਉਸ ਕੁੜੀ ਨਾਲ ਸਿਰੇ ਨਾ ਚੜ੍ਹ ਸੱਕਿਆ ਤਾਂ ਉਸਨੇ ਉਦਾਸੀ ਵਜੋਂ ਜਾਂ ਵਿਯੋਗ ਵਿੱਚ ਕੁਝ ਸ਼ਿਅਰ ਕਹੇ ਜੋ ਪਹਿਲੀ ਗ਼ਜ਼ਲ ਆਖੀ ਜਾਂਦੀ ਹੈ ।

(ੳ) 'ਗ਼ਜ਼ਲ' ਕੀ ਹੁੰਦੀ ਹੈ ?

(ਅ) 'ਸਿਰੇ ਨਾ ਚੜ੍ਹ ਸਕਣਾ' ਨੂੰ ਆਪਣੇ ਵਾਕ ਵਿਚ ਵਰਤੋ ।

(ੲ) ਹਿਰਨ ਦੀਆਂ ਚੌਕੜੀਆਂ ਨਾਲ ਗ਼ਜ਼ਲ ਦਾ ਕੀ ਸੰਬੰਧ ਹੈ ?

(ਸ) ਉਸ ਕੁੜੀ ਦਾ ਨਾਮ ਗ਼ਜ਼ਲ ਕਿਉਂ ਰੱਖਿਆ ਗਿਆ ?

(ਹ) ਪੈਰੇ ਨੂੰ ਢੁਕਵਾਂ ਸਿਰਲੇਖ ਦਿਓ ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉੱਤੇ (**200-300** ਸ਼ਬਦਾਂ ਦਾ) ਲੇਖ ਲਿਖੋ : **10**

(ੳ) ਸ਼ੁੱਧ ਵਾਤਾਵਰਨ ਦੀ ਲੋੜ

(ਅ) ਧਰਮ ਵੈਰ ਨਹੀਂ ਸਿਖਾਉਂਦਾ

(ੲ) ਬੇਟੀ ਬਚਾਓ, ਬੇਟੀ ਪੜ੍ਹਾਓ

(ਸ) ਮਹਾਤਮਾ ਗਾਂਧੀ

3. ਤੁਸੀਂ ਆਪਣਾ ਪੁਰਾਣਾ ਟੈਲੀਵਿਜ਼ਨ ਵੇਚਣਾ ਹੈ । ਇਸ ਵਾਸਤੇ ਅਖ਼ਬਾਰ ਲਈ ਇੱਕ ਇਸ਼ਤਿਹਾਰ ਬਣਾਓ । **7**

**ਜਾਂ**

ਤੁਸੀਂ ਆਪਣੇ ਘਰ ਇਕ ਸਾਹਿਤਕ ਮੀਟਿੰਗ ਰੱਖ ਰਹੇ ਹੋ ਇਸ ਸੰਬੰਧ ਵਿਚ ਇੱਕ ਨੋਟਿਸ ਤਿਆਰ ਕਰੋ (**100** ਸ਼ਬਦ) ।

4. ਪੰਜਾਬੀ ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ । **8**

**ਜਾਂ**

ਬੇਰੁਜ਼ਗਾਰੀ ਕਾਰਨ ਵੱਧ ਰਹੇ ਅਪਰਾਧਾਂ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿੱਚੋ **ਤਿੰਨ** ਦੇ ਅਰਥ ਸਪੱਸ਼ਟ ਕਰੋ ਅਤੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : **3**

(ੳ) ਪੱਗ ਵਟਾਉਣਾ

(ਅ) ਤਾੜੀ ਲਾਉਣੀ

(ੲ) ਤਿੱਤਰ ਹੋਣਾ

(ਸ) ਪੈਰ ਕਬਰ ਵਿੱਚ ਹੋਣੇ

(ਹ) ਨੱਕ ਰਗੜਨਾ

6. (i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ : **2**

(1) (ੳ) ਸੇਹਰਾ

(ਅ) ਸਿਹਰਾ

(2) (ੳ) ਸੋਖਾ

(ਅ) ਸੌਖਾ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : **2**

(ੳ) ਡੂੰਗੀ

(ਅ) ਜਾੜੂ

(iii) ਸ਼ਬਦ–ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰਖਦਿਆਂ ਦੱਸੋ ਕਿ ਹੇਠ ਲਿਖੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇ । **2**

(ੳ) ਪੰਜਾਬ ਦੇ ਦਰਿਆਵਾਂ ਵਿੱਚ ਵਿਆਸ / ਬਿਆਸ ਦਰਿਆ ਵੀ ਸ਼ਾਮਿਲ ਹੈ ।

(ਅ) ਮੈ ਉਸਦੇ ਵਿਚਾਰਾਂ ਨਾਲ ਸਹਿਮਤ / ਸੇਹਮਤ ਨਹੀਂ ।

7. ਹੇਠ ਲਿਖੇ ਪੈਰੇ ਨੂੰ ਸਹੀ ਵਿਸਰਾਮ–ਚਿੰਨ੍ਹ ਲਗਾਓ : **3**

ਚੰਗਾ ਅੱਜ ਨਹੀਂ ਫਿਰ ਕੱਲ ਮਿਲਦੇ ਹਾਂ ਕਿਤੇ ਬੈਠ ਕੇ ਚਾਹ ਪਾਣੀ ਪੀਵਾਂਗੇ ਘੁੰਮਾ ਫਿਰਾਂਗੇ ।

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : **3**

(ੳ) ਉਸਨੇ ਪਾਸ ਹੋ ਜਾਣਾ ਸੀ ਜੇ ਧਿਆਨ ਨਾਲ ਉਹ ਪੜ੍ਹਦਾ ।

(ਅ) ਬੰਦ ਇਹ ਹੋ ਜਾਣੇ ਚਾਹੀਦੇ ਨੇ ਗਾਣੇ ਲਚਰ ਜਿਹੇ ।

(ਸ) ਡਾਕਖਾਨੇ ਵਿੱਚ ਕਲਰਕ ਸਨ ਉਸਦੇ ਪਿਤਾ ਜੀ ।

9. ਹੇਠ ਲਿਖੀਆਂ ਕਾਵਿ–ਟੁਕੜੀਆਂ ਵਿੱਚੋਂ ਕਿਸੇ **ਇੱਕ** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **8**

ਧਾ ਚਰਨਾਂ ਤੇ ਸੀਸ ਨਿਵਾਇਆ
ਸਾਡੇ ਮੱਥੇ ਛੋਹ ਨਾ ਪਾਈ
ਤੁਸੀ ਉੱਚੇ ਅਸੀ ਨੀਵੇਂ ਸਾਂ
ਸਾਡੀ ਪੇਸ਼ ਨਾ ਗਈਆ ਕਾਈ

(ੳ) ਇਥੇ ਕਿਸ ਅੱਗੇ ਸੀਸ ਨਿਵਾਇਆ ਗਿਆ ਹੈ ?

(ਅ) ਮੱਥਾ ਛੋਹ ਕਿਉਂ ਪ੍ਰਾਪਤ ਨਹੀ ਕਰ ਸਕਿਆ ?

(ੲ) 'ਸਾਡੀ ਪੇਸ਼ ਨਾ ਗਈਆ ਕਾਈ' – ਕਿਉਂ ?

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

**ਜਾਂ**

ਉਹ ਦਿਨ ਜੋ ਹੁਣ ਕਿਤੇ ਮਿਲੇ
ਮੈਂ ਉਸ ਦੇ ਚਿੱਟੇ ਹੰਸ ਜਿਹੇ ਜ਼ਖਮੀ ਪਿੰਡੇ 'ਤੇ
ਮਲ੍ਹਮ ਲਾ ਦੇਵਾਂ

(ੳ) 'ਉਹ ਦਿਨ' ਤੋਂ ਕੀ ਭਾਵ ਹੈ ?

(ਅ) 'ਚਿੱਟੇ ਹੰਸ ਜਹੇ ਜ਼ਖਮੀ ਪਿੰਡੇ' ਦੇ ਭਾਵ ਸਪਸ਼ੱਟ ਕਰੋ ।

(ੲ) 'ਮਲ੍ਹਮ ਲਾਉਣ' ਦੇ ਕੀ ਅਰਥ ਹਨ ।

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

10. ਹੇਠ ਲਿਖੀਆਂ ਕਾਵਿ–ਟੁਕੜੀਆਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **8**

ਵਾਸੀ ਦੇਸ਼ ਅਰੂਪ ਦਾ
ਕਰਦਾ ਪਿਆਰ ਅਪਾਰ
ਰੂਪਵਾਨ ਹੈ ਹੋ ਗਿਆ
ਪਿਯਾਰੀ ਗੋਦ ਵਿਚਾਲ

**ਜਾਂ**

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿੱਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾਚੂੰਦ ਹੈ ਛਾਈ ।

11. ਹੇਠ ਲਿਖੇ ਵਾਰਤਾਲਾਪ–ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ **ਇੱਕ** ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **5**

"ਘੋਗਾ ਹੈਰਾਨ ਸੀ । ਇਹ ਸੋਨ ਕਾਟੋ ਕੀ ਕਰ ਰਹੀ ਸੀ–ਕਦੀ ਦਿਸ ਪੈਂਦੀ ਸੀ, ਕਦੀ ਅਲੋਪ ਹੋ ਜਾਂਦੀ ਸੀ ।"

(ੳ) ਇਹ ਸੋਨ–ਕਾਟੋ ਕੌਣ ਹੈ ?

(ਅ) ਘੋਗਾ ਹੈਰਾਨ ਕਿਉਂ ਹੈ ?

(ੲ) ਕੀ ਸੋਨ–ਕਾਟੋ ਸਚਮੁੱਚ ਕਦੀ ਦਿਸ ਪੈਂਦੀ ਸੀ ਅਤੇ ਕਦੀ ਅਲੋਪ ਹੋ ਜਾਂਦੀ ਸੀ ?

(ਸ) ਘੋਗਾ ਸੋਨ–ਕਾਟੋ ਨੂੰ ਕਿਉਂ ਲਭ ਰਿਹਾ ਸੀ ?

(ਹ) ਉਹ ਸੋਨ ਕਾਟੋ ਨੂੰ ਕਿਥੇ ਲਭਦਾ ਸੀ ?

**ਜਾਂ**

ਘੋਗੇ ਨੇ ਸਿਰ ਹਿਲਾ ਕੇ ਹਾਮੀ ਭਰੀ । ਨਾਲ ਬੈਠੇ ਸਤੀਸ਼ ਨੇ ਹੌਲੀ ਦੇਣੇ ਕਿਹਾ, "ਇਹ ਕੀ ਝੱਲਿਆਂ ਵਾਂਗ ਸਿਰ ਹਿਲਾਈ ਜਾਨੈਂ ।"

(ੳ) ਘੋਗਾ ਕਿਸ ਦੀ ਹਾਮੀ ਭਰ ਰਿਹਾ ਹੈ ?

(ਅ) ਘੋਗਾ ਐਵੇਂ ਸਿਰ ਕਿਉਂ ਹਿਲਾਈ ਜਾਂਦਾ ਹੈ ?

(ੲ) ਘੋਗਾ ਅਤੇ ਸਤੀਸ਼ ਕਿੱਥੇ ਬੈਠੇ ਹੋਏ ਹਨ ?

(ਸ) ਘੋਗੇ ਤੇ ਸਤੀਸ਼ ਦਾ ਕੀ ਰਿਸ਼ਤਾ ਹੈ ?

(ਹ) ਘੋਗੇ ਦੀ ਮਨੋ ਇੱਛਾ ਕੀ ਹੈ ?

12. 'ਗੁਆਚਿਆ ਮੁੰਡਾ' ਨਾਵਲ ਦੇ ਵਿਸ਼ਾ–ਵਸਤੂ ਨੂੰ ਸਪਸ਼ੱਟ ਕਰੋ । 7

**ਜਾਂ**

'ਗੁਆਚਿਆ ਮੁੰਡਾ' ਨਾਵਲ ਕਿਸ਼ੋਰ ਉਮਰ ਦੇ ਨਾਇਕ ਦੇ ਚਰਿਤਰ ਨੂੰ ਕਿਵੇਂ ਪੇਸ਼ ਕਰਦਾ ਹੈ – ਇਸ ਬਾਰੇ ਵਿਚਾਰ ਕਰੋ ।

13. ਹੇਠ ਲਿਖੇ ਕਥਾ–ਅੰਸ਼ਾਂ ਵਿਚੋਂ ਕਿਸੇ **ਇੱਕ** ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਪਤਾ ਨਹੀਂ ਕਿਹੋ ਜਹੀਆਂ ਗੱਲਾਂ ਕਰਦੇ ।"

"ਕੀ, ਕਹਿੰਦੇ ਕੀ ਨੇ ?" ਪਤਨੀ ਹਰਬੇਲ ਸਿੰਘ ਨੇ ਪੁੱਛਿਆ ।

"ਕਹਿੰਦੇ ਨੇ ਮੇਰਾ ਰੋਲ ਨੰਬਰ ਆ ਗਿਆ ਏ ।"

(ੳ) ਇਹ ਰੋਲ ਨੰਬਰ ਦਾ ਕੀ ਚੱਕਰ ਹੈ ? 2

(ਅ) 'ਮੇਰਾ ਰੋਲ ਨੰਬਰ ਆ ਗਿਆ ਹੈ' – ਇਸ ਦਾ ਪ੍ਰਸੰਗ ਕੀ ਹੈ ? 2

(ੲ) ਇਹ ਕਿਸ ਪਾਤਰ ਬਾਰੇ ਗਲਬਾਤ ਹੋ ਰਹੀ ਹੈ ? 1

**ਜਾਂ**

"ਚਲਾ ਗਿਆ ਹੋਊ ਕੋਈ ਬਾਹਰੋਂ ਵਾਜ ਤਾਂ ਆਈ ਸੀ ਕਿਸੇ ਨਿਆਣੇ ਦੀ ।"

ਬੇਬੇ ਜਿੱਦਣ ਦਾ ਜੀਤ ਗਿਆ, ਆਪਣੇ ਘਰ ਤਾਂ ਕੋਈ ਨਿੱਕਾ ਨਿਆਣਾ ਵੀ ਨਹੀਂ ਵੜਿਆ ।

(ੳ) ਇਥੇ ਕਿਸ ਬਾਰੇ ਗਲ ਹੋ ਰਹੀ ਹੈ ?

(ਅ) ਜੀਤ ਦੇ ਜਾਣ ਤੋਂ ਬਾਦ ਘਰ ਵਾਲੇ ਕੀ ਸੋਚ ਰਹੇ ਹਨ ?

(ੲ) 'ਨਿਆਣੇ' ਸ਼ਬਦ ਦਾ ਕੀ ਅਰਥ ਹੈ ?

14. 'ਸੂਲੀ ਉੱਤੇ ਲਟਕੇ ਪਲ' ਵਿਚ ਕਰੁਣਾ ਨੂੰ ਕਿਸ ਮਾਨਸਿਕ ਸੰਕਟ ਵਿਚੋਂ ਲੰਘਣਾ ਪੈ ਰਿਹਾ ਹੈ ? (ਸ਼ਬਦ ਸੀਮਾ **100-125**) **7**

**ਜਾਂ**

'ਆਪੋ ਆਪਣਾ ਹਿੱਸਾ' ਕਹਾਣੀ ਵਿੱਚ ਧਰਮ ਸਿੰਘ ਦਾ ਨਾਂ ਘੁੱਦੂ ਕਿਉਂ ਪੈ ਗਿਆ ? (ਸ਼ਬਦ ਸੀਮਾ **100-125**)

15. ਗੁਰਮਤਿ ਕਾਵਿ ਦੇ ਪ੍ਰਮੁੱਖ ਲੱਛਣ **150–200** ਸ਼ਬਦਾਂ ਵਿਚ ਲਿਖੋ । **10**

**ਜਾਂ**

ਸੂਫੀ ਕਵਿਤਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ **150–200** ਸ਼ਬਦਾਂ ਵਿੱਚ ਲਿਖੋ ।

---

BVM/I EXAMINATION 2019 • BVM/I EXAMINATION 2019 • BVM/I EXAMINATION 2019